ਦੇਗ ਤੇਗ ਫਤਿਹ॥

ਜਥੇਦਾਰ ਬਾਬਾ ਬਘੇਲ ਸਿੰਘ, ਜਥੇਦਾਰ ਜੱਸਾ ਸਿੰਘ ਆਹਲੂਵਾਲੀਆ (ਚੌਥੇ ਮੁੱਖੀ, ਬੁੱਢਾ ਦਲ),
ਜਥੇਦਾਰ ਜੱਸਾ ਸਿੰਘ ਰਾਮਗੜ੍ਹੀਆ, ਜਥੇਦਾਰ ਤਾਰਾ ਸਿੰਘ ਘੇਬਾ, ਜਥੇਦਾਰ ਮਹਾਂ ਸਿੰਘ ਸ਼ੁੱਕਰਚੱਕੀਆ

ਦੀ ਅਗਵਾਈ ਹੇਠ ਸਿੰਘਾਂ ਵੱਲੋਂ ਦਿੱਲੀ ਫਤਿਹ ਕਰਨ ਦੀ ਯਾਦ 'ਚ

## ਖਾਲਸਾਈ ਜਾਹੋ-ਜਲਾਲ ਨਾਲ



# ਦਿੱਲੀ ਫਤਿਹ ਦਿਵਸ

(੧੫-੧੬ ਚੇਤ, ਨਾਨਕਸ਼ਾਹੀ ਸੰਮਤ ੫੫੮)

ਮੁਤਾਬਿਕ

## ਸ਼ਨਿੱਚਰਵਾਰ, 28 ਮਾਰਚ 2026
## ਐਤਵਾਰ, 29 ਮਾਰਚ 2026

ਨੂੰ

# ਲਾਲ ਕਿਲ੍ਹਾ ਮੈਦਾਨ 'ਚ

ਮਨਾਇਆ ਜਾ ਰਿਹਾ ਹੈ।

# ਦਿੱਲੀ ਫਤਿਹ ਦੀ ਇਤਿਹਾਸਕ ਮਹੱਤਤਾ

ਸਿੱਖ ਜਰਨੈਲਾਂ ਜਥੇਦਾਰ ਬਾਬਾ ਬਘੇਲ ਸਿੰਘ, ਜਥੇਦਾਰ ਜੱਸਾ ਸਿੰਘ ਆਹਲੂਵਾਲੀਆ, ਜਥੇਦਾਰ ਜੱਸਾ ਸਿੰਘ ਰਾਮਗੜ੍ਹੀਆ, ਜਥੇਦਾਰ ਤਾਰਾ ਸਿੰਘ ਘੇਬਾ ਅਤੇ ਜਥੇਦਾਰ ਮਹਾਂ ਸਿੰਘ ਸ਼ੁਕਰਚੱਕੀਆ ਦੀ ਅਗਵਾਈ ਵਿੱਚ ਸਿੱਖ ਫੌਜ਼ਾਂ ਵੱਲੋਂ 243 ਵਰ੍ਹੇ ਪਹਿਲਾਂ ਕੀਤੀ ਗਈ ਦਿੱਲੀ ਫਤਿਹ ਦੇ ਨਾਲ ਦਿੱਲੀ 'ਤੇ ਕਾਇਮ ਹੋਇਆ ਸਿੱਖ ਰਾਜ ਭਾਵੇਂ ਕੁੱਝ ਹੀ ਸਮਾਂ ਰਿਹਾ ਅਤੇ ਇਤਿਹਾਸ ਵਿੱਚ ਸਿੱਖਾਂ ਦੀ ਇਸ ਅਦੁੱਤੀ ਜਿੱਤ ਨਾਲ ਇਤਿਹਾਸਕਾਰਾਂ ਨੇ ਇਨਸਾਫ਼ ਨਹੀਂ ਕੀਤਾ, ਪ੍ਰੰਤੂ ਸਿੱਖ ਇਤਿਹਾਸ ਵਿੱਚ ਇਸ ਜਿੱਤ ਦੀ ਮਹੱਤਤਾ ਨੂੰ ਬਹੁਤ ਹੀ ਮਾਣ ਨਾਲ ਸਵੀਕਾਰਿਆ ਗਿਆ ਹੈ।

ਇਸ ਦਾ ਕਾਰਨ ਇਹ ਹੈ ਕਿ ਦਿੱਲੀ ਫਤਿਹ ਕਰਨ ਵਾਲੇ ਸਿੱਖ ਜਰਨੈਲਾਂ ਨੇ ਆਪਣੀ ਫਤਿਹ ਨੂੰ ਇਤਿਹਾਸਕਤਾ ਪ੍ਰਦਾਨ ਕਰਨ ਲਈ ਇਹ ਮੰਨ ਕੇ ਕਿ ਰਾਜ-ਸੱਤਾ ਸਦਾ ਰਹਿਣ ਵਾਲੀ ਨਹੀਂ, ਆਪਦੀ ਇਸ ਰਾਜ-ਸੱਤਾ ਨੂੰ ਦਿੱਲੀ ਵਿੱਚ ਗੁਰੂ ਸਾਹਿਬਾਨ ਦੀ ਫੇਰੀ ਦੀ ਅਤੇ ਬਾਬਾ ਬੰਦਾ ਸਿੰਘ ਜੀ ਬਹਾਦਰ ਤੇ ਉਨ੍ਹਾਂ ਦੇ ਸਾਥੀਆਂ ਦੀ ਸ਼ਹਾਦਤ ਆਦਿ ਦੀਆਂ ਯਾਦਗਾਰਾਂ ਸਥਾਪਤ ਕਰਨ ਦਾ ਅਧਿਕਾਰ ਪ੍ਰਾਪਤ ਕਰਨ ਦੀ ਕੀਮਤ 'ਤੇ ਤਿਆਗ ਇੱਕ ਨਵਾਂ ਇਤਿਹਾਸ ਰਚ ਦਿੱਤਾ।

ਉਨ੍ਹਾਂ ਦੇ ਇਸੇ ਤਿਆਗ ਦੇ ਫਲਸਰੂਪ ਹੀ ਅੱਜ ਦਿੱਲੀ ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਦਿੱਲੀ ਫੇਰੀ ਦੀ ਯਾਦਗਾਰ ਗੁਰਦੁਆਰਾ ਨਾਨਕ ਪਿਆਉ ਸਾਹਿਬ, ਗੁਰਦੁਆਰਾ ਮਜਨੂੰ ਟਿੱਲਾ ਸਾਹਿਬ (ਜਿੱਥੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਵੀ ਠਹਿਰੇ ਸਨ), ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਵੱਲੋਂ ਦਿੱਲੀ ਵਾਸੀ ਦੀਨ-ਦੁਖੀਆਂ ਦੀ ਕੀਤੀ ਗਈ ਸੇਵਾ ਸੰਭਾਲ ਅਤੇ ਬਖਸ਼ੀ ਗਈ ਅਰੋਗਤਾ ਦੀ ਯਾਦਗਾਰ ਗੁਰਦੁਆਰਾ ਬੰਗਲਾ ਸਾਹਿਬ, ਉਨ੍ਹਾਂ ਦੇ ਜੋਤੀ-ਜੋਤਿ ਸਮਾਉਣ ਦੇ ਅਸਥਾਨ ਗੁਰਦੁਆਰਾ ਬਾਲਾ ਸਾਹਿਬ (ਜਿੱਥੇ ਮਾਤਾ ਸੁੰਦਰ ਕੌਰ ਜੀ ਅਤੇ ਮਾਤਾ ਸਾਹਿਬ ਕੌਰ ਜੀ ਦੇ ਅੰਗੀਠੇ ਵੀ ਹਨ), ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਸ਼ਹੀਦੀ ਅਸਥਾਨ ਗੁਰਦੁਆਰਾ ਸੀਸ ਗੰਜ ਸਾਹਿਬ ਅਤੇ ਜਿਥੇ ਉਨ੍ਹਾਂ ਦੇ ਧੜ ਦਾ ਸਸਕਾਰ ਹੋਇਆ ਸੀ ਗੁਰਦੁਆਰਾ ਰਕਾਬ ਗੰਜ ਸਾਹਿਬ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਦਿੱਲੀ ਫੇਰੀ ਨਾਲ ਸਬੰਧਿਤ ਯਾਦਗਾਰ ਗੁਰਦੁਆਰਾ ਮੋਤੀ ਬਾਗ ਸਾਹਿਬ ਤੇ ਉਨ੍ਹਾਂ ਦੀ ਬਹਾਦਰ ਸ਼ਾਹ ਨਾਲ ਹੋਈ ਮੁਲਾਕਾਤ ਦੀ ਯਾਦਗਾਰ ਗੁਰਦੁਆਰਾ ਦਮਦਮਾ ਸਾਹਿਬ, ਗੁਰਦੁਆਰਾ ਮਾਤਾ ਸੁੰਦਰੀ ਜੀ ਅਤੇ ਬਾਬਾ ਬੰਦਾ ਸਿੰਘ ਜੀ ਬਹਾਦਰ ਦੀ ਸ਼ਹਾਦਤ ਦੀ ਯਾਦਗਾਰ ਦੇ ਰੂਪ ਵਿੱਚ ਗੁਰਦੁਆਰਾ ਬਾਬਾ ਬੰਦਾ ਸਿੰਘ ਜੀ ਬਹਾਦਰ ਸੁਸ਼ੋਭਿਤ ਦਿਖਾਈ ਦੇ ਰਹੇ ਹਨ।

ਜੇ ਉਸ ਸਮੇਂ ਸਿੱਖ ਜਰਨੈਲ ਸਦੀਵੀ ਕਾਇਮ ਨਾ ਰਹਿਣ ਵਾਲੀ ਰਾਜ-ਸੱਤਾ ਦਾ ਤਿਆਗ ਨਾ ਕਰਦੇ ਤਾਂ ਅੱਜ ਇਤਿਹਾਸਕ ਗੁਰਦੁਆਰੇ ਗੁਰੂ ਸਾਹਿਬਾਨ ਵੱਲੋਂ ਸਥਾਪਿਤ ਆਦਰਸ਼ਾਂ ਦਾ ਸੰਦੇਸ਼ ਪ੍ਰਚਾਰਤ ਅਤੇ ਪ੍ਰਸਾਰਤ ਕਰਨ ਦੇ ਸ੍ਰੋਤ ਵਜੋਂ ਸੁਸ਼ੋਭਿਤ ਨਜ਼ਰ ਨਾ ਆ ਰਹੇ ਹੁੰਦੇ।

# IMPORTANCE OF DELHI FATEH IN HISTORY

Delhi was conquered by Sikh Generals – Jathedar Baba Baghel Singh, Jathedar Jassa Singh Ahluwalia, Jathedar Jassa Singh Ramgarhia, Jathedar Tara Singh Gheba and Jathedar Maha Singh Shukerchakia 243 years ago, but historians did not do justice with this unique victory of the Sikhs. This victory has great importance in the history of Sikhs.

It was taken for granted by the Sikh Generals that Administrative Power gained by victory is not important and not going to stay for a longer time but they obtained right and established memorial of Guru Sahiban and a memorial for the martyrdom of Baba Banda Singh Bahadur and his associates.

Today, we witness historical Gurdwaras in Delhi - Gurdwara Nanak Piao Sahib & Gurdwara Majnu Ka Tila were in the memory of Guru Nanak Dev Ji and (later Guru Hargobind Sahib Ji also stayed at Gurdwara Majnu Ka Tila) Gurdwara Bangla Sahib (where Guru Harkrishan Sahib Ji served the destitute people and blessed them with health and peace), Gurdwara Mata Sundri Ji and Gurdwara Bala Sahib (Pyres of Sri Guru Harkrishan Sahib Ji, Mata Sunder Kaur Ji and Mata Sahib Kaur Ji), Gurdwara Sis Ganj Sahib and Gurdwara Rakab Ganj Sahib where Sri Guru Tegh Bahadur was beheaded and cremated, Gurdwara Moti Bagh Sahib & Gurdwara Damdama Sahib associated with Sri Guru Gobind Singh Ji & his meeting with Mugal Emperor Bahadur Shah and Gurdwara Sahib in the memory of Baba Banda Singh Bahadur at Mehrauli were built in memories of their great sacrifices.

Had the Sikh Generals not sacrificed their Administrative Powers, Historical Gurdwaras could not have become the source to propagate the ideals of Guru Sahiban.

ਸ਼ਨਿੱਚਰਵਾਰ, 28 ਮਾਰਚ 2026 ਸ਼ਾਮ 5.00 ਵਜੇ ਗੁਰਦੁਆਰਾ ਸੀਸ ਗੰਜ ਸਾਹਿਬ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਵਨ ਸਰੂਪ ਪਾਲਕੀ 'ਚ ਸੁਸ਼ੋਭਿਤ ਹੋ ਕੇ ਨਗਰ ਕੀਰਤਨ ਦੇ ਰੂਪ 'ਚ ਪੰਜ ਪਿਆਰਿਆਂ ਦੀ ਅਗਵਾਈ 'ਚ ਲਾਲ ਕਿਲ੍ਹਾ ਗਰਾਊਂਡ ਵਿਖੇ ਪੁੱਜੇਗਾ।

# ਗੁਰਮਤਿ ਸਮਾਗਮ

## ਸ਼ਨਿੱਚਰਵਾਰ, 28 ਮਾਰਚ 2026 (ਸ਼ਾਮ)

6.45 ਤੋਂ 7.25 – ਪਾਠ – ਸ੍ਰੀ ਰਹਰਾਸਿ ਸਾਹਿਬ

7.25 ਤੋਂ 8.00 – ਕੀਰਤਨ – ਸਮੂਹ ਇਸਤਰੀ ਸਤਿਸੰਗ ਸਭਾ ਦਿੱਲੀ

8.00 ਤੋਂ 9.00 – ਕੀਰਤਨ – ਭਾਈ ਸਰਬਜੀਤ ਸਿੰਘ ਜੀ ਲਾਡੀ
ਹਜ਼ੂਰੀ ਕੀਰਤਨੀਏ, ਸ੍ਰੀ ਹਰਿਮੰਦਰ ਸਾਹਿਬ

9.00 ਤੋਂ 9.30 – ਪੰਥਕ ਵਿਚਾਰਾਂ

9.30 ਤੋਂ 10.15 – ਕੀਰਤਨ – ਭਾਈ ਕਾਰਜ ਸਿੰਘ ਜੀ
ਹਜ਼ੂਰੀ ਕੀਰਤਨੀਏ, ਸ੍ਰੀ ਹਰਿਮੰਦਰ ਸਾਹਿਬ

10.15 ਤੋਂ 11.00 – ਕੀਰਤਨ – ਨਿਰਵੈਰ ਖਾਲਸਾ ਜੱਥਾ ਯੂ.ਕੇ.

11.00 ਤੋਂ 12.00 – ਕੀਰਤਨ – ਭਾਈ ਮਨਪ੍ਰੀਤ ਸਿੰਘ ਜੀ ਕਾਨਪੁਰੀ

ਉਪਰੰਤ ਅਰਦਾਸ ਅਤੇ ਸਮਾਪਤੀ

# ਇਤਿਹਾਸਕ ਪ੍ਰੋਗਰਾਮ

## ਐਤਵਾਰ, 29 ਮਾਰਚ 2026 (ਸ਼ਾਮ)

5.00 ਤੋਂ 6.00 – ਜਰਨੈਲੀ ਮਾਰਚ – ਛੱਤਾ ਪੁੱਲ ਤੋਂ ਲਾਲ ਕਿਲ੍ਹਾ ਮੈਦਾਨ ਤੱਕ

6.00 ਤੋਂ 7.10 – ਢਾਡੀ ਪ੍ਰਸੰਗ – ਦਿੱਲੀ ਕਮੇਟੀ ਢਾਡੀ ਜਥਾ ਕੌਂਸਲ

7.10 ਤੋਂ 7.30 – ਗਤਕਾ ਪ੍ਰਦਰਸ਼ਨ – ਤੇਗ ਸਿੱਖ ਮਾਰਸ਼ਲ ਆਰਟ ਅਕਾਦਮੀ
ਹਰਿਗੋਬਿੰਦ ਅਜੀਤ ਅਖਾੜਾ ਬੁੱਢਾ ਦਲ ਦਿੱਲੀ

7.30 ਤੋਂ 8.30 – ਲਾਈਟ ਐਂਡ ਸਾਊਂਡ ਸ਼ੋਅ –
ਸਮੂਹ ਵਿਦਿਆਰਥੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ

8.30 ਤੋਂ 9.30 – ਸ਼ਸਤਰਾਂ ਦੇ ਦਰਸ਼ਨ, ਵਿਸ਼ੇਸ਼ ਸਨਮਾਨ ਅਤੇ ਪੰਥਕ ਵਿਚਾਰਾਂ

9.30 ਤੋਂ 9.45 – ਇਤਿਹਾਸਕ ਪ੍ਰੋਗਰਾਮ – ਸ. ਜਰਨੈਲ ਸਿੰਘ ਜੀ ਪੰਜਾਬੀ ਐਕਟਰ

9.45 ਤੋਂ 10.30 – ਢਾਡੀ ਪ੍ਰਸੰਗ – ਭਾਈ ਗੁਰਪ੍ਰੀਤ ਸਿੰਘ ਜੀ ਲਾਂਡਰਾਂ

10.30 ਤੋਂ 11.00 – ਗਤਕਾ ਪ੍ਰਦਰਸ਼ਨ – ਇੰਟਰਨੈਸ਼ਨਲ ਬੀਰ ਖਾਲਸਾ ਦਲ ਤਰਨ ਤਾਰਨ

11.00 ਤੋਂ 12.00 – ਲਾਈਟ ਐਂਡ ਸਾਊਂਡ ਸ਼ੋਅ : ਤਾਲ ਗੁਰੂ ਪ੍ਰੋਡਕਸ਼ਨ

ਧਰਮ ਪ੍ਰਚਾਰ ਕਮੇਟੀ, ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਗੁਰਮਤਿ ਪ੍ਰਚਾਰ ਅਤੇ ਅੰਮ੍ਰਿਤ ਸੰਚਾਰ ਲਹਿਰ ਨੂੰ ਪ੍ਰਚੰਡ ਕਰਨ ਲਈ 327ਵੇਂ ਖਾਲਸਾ ਸਾਜਨਾ ਦਿਵਸ ਨੂੰ ਸਮਰਪਿਤ ਅੰਮ੍ਰਿਤ ਸੰਚਾਰ 13-14 ਅਪ੍ਰੈਲ 2026 ਨੂੰ ਭਾਈ ਲੱਖੀ ਸ਼ਾਹ ਵਣਜਾਰਾ ਹਾਲ, ਗੁਰਦੁਆਰਾ ਰਕਾਬ ਗੰਜ ਸਾਹਿਬ ਵਿਖੇ ਵੱਡੇ ਪੱਧਰ 'ਤੇ ਕਰਵਾਇਆ ਜਾ ਰਿਹਾ ਹੈ। ਅੰਮ੍ਰਿਤ ਅਭਿਲਾਖੀਆਂ ਨੂੰ ਬੇਨਤੀ ਹੈ ਕਿ ਆਪਣਾ ਨਾਮ ਦਿੱਤੇ ਗਏ ਬਾਰਕੋਡ ਨੂੰ ਸਕੈਨ ਕਰਕੇ ਰਜਿਸਟਰਡ ਕਰਵਾਉ ਜੀ।

शनिवार, 28 मार्च 2026 को शाम 5.00 बजे गुरुद्वारा सीस गंज साहिब से श्री गुरू ग्रंथ साहिब जी का पावन स्वरूप पालकी में सुशोभित करके नगर कीर्तन के रूप में पाँच प्यारों की अगुवाई में लाल किला ग्राउंड पहुँचेगा।

# गुरमत समागम

## शनिवार, 28 मार्च 2026 (शाम)

6.45 से 7.25 – पाठ – श्री रहरासि साहिब
7.25 से 8.00 – कीर्तन – समूह स्त्री सतसंग सभा दिल्ली
8.00 से 9.00 – कीर्तन – भाई सरबजीत सिंह जी लाडी
हजूरी कीर्तनीए, श्री हरिमंदिर साहिब
9.00 से 9.30 – पंथक विचार
9.30 से 10.15 – कीर्तन – भाई कारज सिंह जी
हजूरी कीर्तनीए, श्री हरिमंदिर साहिब
10.15 से 11.00 – कीर्तन – निरवैर खालसा जत्था यू.के.
11.00 से 12.00 – कीर्तन – भाई मनप्रीत सिंह जी कानपुरी

उपरांत अरदास और समाप्ति

# ऐतिहासिक प्रोग्राम

## रविवार, 29 मार्च 2026 (शाम)

5.00 से 6.00 – जरनैली मार्च – छत्ता पुल से लाल किला मैदान तक
6.00 से 7.10 – ढाडी प्रसंग – दिल्ली कमेटी ढाडी जत्था काऊँसिल
7.10 से 7.30 – गतका प्रोग्राम – तेग सिक्ख मार्शल आर्ट अकादमी
हरिगोबिन्द अजीत अखाडा बुड्ढा दल दिल्ली
7.30 से 8.30 – लाईट एंड साऊंड शो –
समस्त विद्यार्थी गुरु हरिकृष्ण पब्लिक स्कूल
8.30 से 9.30 – शस्त्रों के दर्शन, विशेष सम्मान और पंथक विचार
9.30 से 9.45 – ऐतिहासिक प्रोग्राम – स. जरनैल सिंह जी पंजाबी ऐक्टर
9.45 से 10.30 – ढाडी प्रसंग – भाई गुरप्रीत सिंह जी लांडरां
10.30 से 11.00 – गतका प्रोग्राम – अंतरराष्ट्रीय बीर खालसा दल तरन तारन
11.00 से 12.00 – लाईट एंड साऊंड शो : ताल गुरु प्रोडक्शन

धर्म प्रचार कमेटी, दिल्ली सिक्ख गुरुद्वारा प्रबंधक कमेटी द्वारा गुरमत प्रचार एंव अमृत संचार लहर को प्रचंड करने के लिए 327वें खालसा साजना दिवस को समर्पित अमृत संचार 13–14 अप्रैल 2026 को भाई लख्खी शाह वणजारा हाल, गुरुद्वारा रकाब गंज साहिब में करवाया जा रहा है। अमृत छकने वाली संगतों से विनती है कि वे अपना नाम दिए गये बारकोड को स्कैन कर पंजीकरण करवाये जी।

## ਸਿੱਧਾ ਪ੍ਰਸਾਰਣ

ਸ਼ਨਿੱਚਰਵਾਰ, 28 ਮਾਰਚ 2026 ਨੂੰ ਹੋਣ ਵਾਲੇ ਗੁਰਮਤਿ ਸਮਾਗਮ ਅਤੇ ਐਤਵਾਰ, **29 ਮਾਰਚ 2026 ਨੂੰ ਹੋਣ ਵਾਲੇ ਇਤਿਹਾਸਕ ਪ੍ਰੋਗਰਾਮ ਦਾ ਸਿੱਧਾ ਪ੍ਰਸਾਰਣ Chardikla Time TV,** GSPS Live, Kirtan Pardhana.com, Kesari Connect, Spokesman, Akaal Sahai **Gurbani, Amritrass Live, Param Sikh Itihaas, Sikhi Channel, ਵੈਬਸਾਈਟ www.dsgmc.in, DSGMC Facebook Page ਅਤੇ Youtube Channel 'ਤੇ ਹੋਵੇਗਾ।**

## ਗੁਰੂ ਕਾ ਲੰਗਰ

ਸੰਗਤਾਂ ਨੂੰ ਬੇਨਤੀ ਹੈ ਕਿ ਅਸੀਂ ਆਪਣੀ ਪੁਰਾਤਨ ਪ੍ਰੰਪਰਾਵਾਂ ਨੂੰ ਵਿਸਾਰਦੇ ਹੋਏ ਗੁਰੂ ਕੇ ਲੰਗਰ ਦੀਆਂ ਸੇਵਾਵਾਂ ਜਿਵੇਂ ਕਿ ਲੰਗਰ ਤਿਆਰ ਕਰਨ ਲਈ ਦਾਲਾਂ ਤਿਆਰ ਕਰਨ ਦੀ ਸੇਵਾ, ਪ੍ਰਸ਼ਾਦੇ ਤਿਆਰ ਕਰਨ ਦੀ ਸੇਵਾ, ਜੂਠੇ ਬਰਤਨ ਸਾਫ ਕਰਨ ਦੀ ਸੇਵਾ, ਜੋੜੇ ਝਾੜਨ ਦੀ ਸੇਵਾ ਕਰਨ ਵਿੱਚ ਸਮਾਂ ਨਹੀਂ ਦੇ ਪਾ ਰਹੇ। ਜਿਸ ਕਰਕੇ ਜਿਥੇ ਅਸੀਂ ਗੁਰੂ ਸਾਹਿਬਾਨ ਦੇ ਫਲਸਫੇ ਨੂੰ ਭੁਲਦੇ ਜਾ ਰਹੇ ਹਾਂ ਉਥੇ ਨਾਲ ਹੀ ਆਪਣੇ ਬੱਚਿਆਂ ਨੂੰ ਸੇਵਾ ਦੇ ਸੰਕਲਪ ਤੋਂ ਵਾਝਿਆਂ ਰੱਖ ਰਹੇ ਹਾਂ। ਗੁਰੂ ਸਾਹਿਬਾਨ ਵੱਲੋਂ ਚਲਾਈ ਗਈ ਇਸ ਮਨੁੱਖਤਾ ਦੀ ਵਿਲੱਖਣ ਸੇਵਾ ਵਿੱਚ ਆਪਣੇ ਹੱਥੀਂ ਅਤੇ ਤਨ-ਮਨ-ਧਨ ਨਾਲ ਸੇਵਾ ਕਰਕੇ ਆਪਣਾ ਅਤੇ ਆਪਣੀ ਆਉਣ ਵਾਲੀ ਪੀੜ੍ਹੀ ਦੇ ਜੀਵਨ ਨੂੰ ਸਫਲਾ ਕਰੀਏ।

## ਸੰਗਤਾਂ ਪ੍ਰਤੀ ਬੇਨਤੀ

- ਸੰਗਤਾਂ ਦੇ ਚਰਨਾਂ ਵਿੱਚ ਬੇਨਤੀ ਹੈ ਕਿ ਇਨ੍ਹਾਂ ਸਮਾਗਮਾਂ ਵਿੱਚ ਹਾਜ਼ਰੀਆਂ ਭਰਨ ਲਈ ਵੱਧ ਤੋਂ ਵੱਧ ਪਬਲਿਕ ਟਰਾਂਸਪੋਰਟ ਦੀ ਵਰਤੋਂ ਕਰਨ ਜੀ।
- ਲਾਲ ਕਿਲ੍ਹੇ ਸਥਿਤ T5 ਪਾਰਕਿੰਗ ਤੋਂ ਸਮਾਗਮ ਵਾਲੇ ਸਥਾਨ 'ਤੇ ਪੁੱਜਣ ਲਈ ਗੱਡੀਆਂ ਦਾ ਵਿਸ਼ੇਸ਼ ਪ੍ਰਬੰਧ ਕੀਤਾ ਗਿਆ ਹੈ।
- ਪ੍ਰੋਗਰਾਮ ਵਿੱਚ ਸ਼ਾਮਿਲ ਹੋਣ ਲਈ ਸੰਗਤਾਂ ਵਾਸਤੇ ਦਿੱਲੀ ਕਮੇਟੀ ਵੱਲੋਂ ਬੱਸਾਂ ਦਾ ਵਿਸ਼ੇਸ਼ ਪ੍ਰਬੰਧ ਕੀਤਾ ਜਾਵੇਗਾ, ਸੰਗਤਾਂ ਆਪਣੇ ਇਲਾਕੇ ਦੇ ਮੈਂਬਰ ਨਾਲ ਸੰਪਰਕ ਕਰਨ।

**ਲੰਗਰ** ਗੁਰੂ ਕਾ ਲੰਗਰ ਅਤੁੱਟ ਵਰਤੇਗਾ। ਸੰਗਤਾਂ ਆਟਾ, ਦਾਲ, ਘਿਓ ਆਦਿ ਰਸਦ ਭੇਜ ਕੇ ਅਤੇ ਹੱਥੀਂ ਸੇਵਾ ਕਰਕੇ ਸਤਿਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰਨ।

**ਅਪੀਲ** ਫੈਸ਼ਨਪ੍ਰਸਤੀ ਦੇ ਵੱਧਦੇ ਪ੍ਰਭਾਵ ਕਾਰਨ ਅੱਜ ਕੱਲ ਸਿੱਖ ਨੌਜਵਾਨਾਂ ਵਿੱਚ ਸਿਰਾਂ 'ਤੇ ਟੋਪੀਆਂ ਪਾਉਣ ਦਾ ਰੁਝਾਨ ਵੱਧ ਰਿਹਾ ਹੈ, ਜੋ ਕਿ ਸਿੱਖ ਰਹਿਤ ਮਰਿਆਦਾ ਦੇ ਬਿਲਕੁਲ ਉਲਟ ਹੈ। ਗੁਰਮਤਿ ਅਨੁਸਾਰ ਹਰ ਸਿੱਖ ਨੌਜਵਾਨ ਨੂੰ ਸਿਰ 'ਤੇ ਸੋਹਣੀ ਦਸਤਾਰ ਸਜਾਉਣੀ ਚਾਹੀਦੀ ਹੈ, ਜੋ ਸਿੱਖੀ ਗੌਰਵ ਦੀ ਸ਼ਾਨ ਹੈ।

ਗੁਰੂ ਪੰਥ ਦੇ ਦਾਸ


**ਹਰਵਿੰਦਰ ਸਿੰਘ ਕੇ.ਪੀ**
ਸੀਨੀਅਰ ਮੀਤ ਪ੍ਰਧਾਨ

**ਹਰਮੀਤ ਸਿੰਘ ਕਾਲਕਾ**
ਪ੍ਰਧਾਨ

**ਜਗਦੀਪ ਸਿੰਘ ਕਾਹਲੋਂ**
ਜਨਰਲ ਸਕੱਤਰ

**ਆਤਮਾ ਸਿੰਘ ਲੁਬਾਣਾ**
ਮੀਤ ਪ੍ਰਧਾਨ

**ਜਸਪ੍ਰੀਤ ਸਿੰਘ ਕਰਮਸਰ**
ਚੇਅਰਮੈਨ, ਧਰਮ ਪ੍ਰਚਾਰ ਕਮੇਟੀ

**ਜਸਮੇਨ ਸਿੰਘ ਨੋਨੀ**
ਜਾਇੰਟ ਸਕੱਤਰ

# ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ

23712580-81-82, 23737328-29 www.dsgmc.in info@dsgmc.in